بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.03.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## 23 ਮਾਰਚ ਮਸੀਹ ਮੌਊਦ ਦੇ ਦਿਨ ਦੇ ਸੰਦਰਭ ਵਿੱਚ ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਦਾ ਦੂਰਦਰਸ਼ੀ ਦਰਸਾਉਂਦਾ ਜੁਮਏ ਦਾ ਖ਼ੁਤਬਾ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਮਾਰਚ 2020 ਈ. ਨੂੰ ਮਸਜਿਦ ਮੁਬਾਰਕ, ਇਸਲਮਾਬਾਦ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਤਿੰਨ ਦਿਨਾ ਬਾਦ 23 ਮਾਰਚ ਹੈ । ਇਹ ਉਹ ਦਿਨ ਹੈ ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਬੈਅਤ ਲੈਂਣਾ ਅਰੰਭ ਕੀਤਾ ਸੀ ਅਤੇ ਇਉਂ ਆਪ ਜੀ ਦੇ ਮਸੀਹ ਮੌਊਦ ਦੇ ਦਾਵੇ ਦੇ ਨਾਲ ਨਾਲ ਅਹਮਦੀਆ ਮੁਸਲਿਮ ਜਮਾਤ ਦੀ ਨੀਂਹ ਰੱਖੀ ਗਈ । ਜਮਾਤ ਵਿੱਚ ਇਹ ਦਿਨ 'ਯੌਮੇ ਮਸੀਹ ਮੌਊਦ' ਦੇ ਨਾਂ ਨਾਲ ਮਨਾਇਆ ਜਾਂਦਾ ਹੈ, ਇਸ ਲਈ ਇਸ ਦਿਨ ਨਾਲ ਸੰਬੰਧਤ ਜਲਸੇ ਵੀ ਹੁੰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਅਤੇ ਆਪ ਜੀ ਦੇ ਪ੍ਰਕਟ ਹੋਣ ਦੇ ਉਦੇਸ਼ਿਆਂ ਨੂੰ ਦਰਸ਼ਾਇਆ ਜਾਂਦਾ ਹੈ । ਇਸ ਲਈ ਇਹਨਾ ਹਵਾਲਿਆਂ ਨਾਲ ਅੱਜ ਮੈਂ ਹਜ਼ਰਤ ਮਸੀਹ ਮੌਊਦ ਦੇ ਆਪਣੇ ਸ਼ਬਦਾ ਵਿੱਚ ਕੁਝ ਕਥਨ ਪੇਸ਼ ਕਰਾਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ, ਇਸ ਸਾਲ ਬਹੁਤਿਆਂ ਦੇਸ਼ਾਂ ਵਿੱਚ ਜੋ ਵਾਇਰਸ ਦੀ ਵਬਾ ਫੈਲੀ ਹੋਈ ਹੈ ਇਸ ਦੇ ਸਬਬ ਜਲਸੇ ਨਹੀਂ ਹੋ ਸਕਣਗੇ । ਇਸ ਲਈ ਮੇਰੇ ਖ਼ੁਤਬਿਆਂ (ਜੁਮਏ ਦੇ ਭਾਸ਼ਣਾ) ਤੋਂ ਬਿਨਾ ਐਮ.ਟੀ.ਏ. ਉਪੱਰ ਵੀ ਇਹਨਾ ਹਵਾਲਿਆਂ ਨਾਲ ਪ੍ਰੋਗਰਾਮ ਪੇਸ਼ ਹੋਣਗੇ । ਇਹਨਾ ਨੂੰ ਹਰ ਅਹਮਦੀ ਨੂੰ ਆਪਣੇ ਘਰਾਂ ਵਿੱਚ ਸੁਣਨ ਦਾ ਜਤਨ ਕਰਨਾ ਚਾਹੀਦਾ ਹੈ ਆਪਣੇ ਬੱਚਿਆਂ ਨਾਲ ।

ਹਜ਼ਰਤ ਮਸੀਹ ਮੌਊਦ ਐਲੈਹਿ ਸਲਾਮ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਅਧੀਨਗੀ ਵਿਚ ਆਪ ਹੀ ਦੇ ਕਾਰਜਾਂ ਨੂੰ ਅਤੇ ਆਪ ਹੀ ਦੇ ਧਰਮ ਨੂੰ ਦੁਨੀਆ ਵਿੱਚ ਫੈਲਾਉਣ ਲਈ ਨਿਯੁਕਤ ਕੀਤੇ ਗਏ ਸਨ, ਜਿਸ ਕਰਕੇ ਆਪ ਇਕ ਥਾਂ ਫ਼ਰਮਾਉਂਦੇ ਹਨ :

ਮੈਂ ਖੁਲ੍ਹੱਕੇ ਕਹਿੰਦਾ ਹਾਂ ਅਤੇ ਮੇਰਾ ਇਹੋ ਅਕੀਦਾ ਤੇ ਧਰਮ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਅਤੇ ਪਦਚਿੰਨ੍ਹਾ ਉਪੱਰ ਚਲੱਣ ਤੋਂ ਬਿਨਾ ਕੋਈ ਮਨੁੱਖ ਆਤਮਕ ਫੈਜ਼ ਤੇ ਮਿਹਰ ਹਾਸਲ ਨਹੀਂ ਕਰ ਸਕਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਮੈਂ ਇਸ ਨੂੰ ਵਾਰ ਵਾਰ ਵਰਨਣ ਕਰਂਗਾ ਅਤੇ ਇਸਦੇ ਪ੍ਰਕਟ ਕਰਨ ਤੋਂ ਮੈਂ ਰੁੱਕ ਨਹੀਂ ਸਕਦਾ ਕਿ ਮੈਂ ਉਹੋ ਹਾਂ ਜੋ ਸਮੇਂ ਸਿਰ ਮਖ਼ਲੂਕ ਦੇ ਸੁਧਾਰ ਲਈ ਭੇਜਿਆ ਗਿਆ, ਤਾਂ ਜੋ ਧਰਮ ਨੂੰ ਤਾਜ਼ਾ ਕਰਕੇ ਦਿਲਾਂ ਵਿੱਚ ਸਥਾਪਨ ਕਰ ਦਿਤੱਾ ਜਾਏ । ਮੈਂ ਇਸ ਪ੍ਰਕਾਰ ਭੇਜਿਆ ਗਿਆ ਹਾਂ ਜਿਵੇਂ ਉਹ ਵਿਅਕਤੀ ਰੱਬ ਦਾ ਕਲਾਮ ਲਿਆਉਣ ਵਾਲੇ ਮਰਦੇ ਖ਼ੁਦਾ ਦੇ ਬਾਦ ਭੇਜਿਆ ਗਿਆ ਸੀ ਜਿਸ ਦੀ ਆਤਮਾ ਹੀਰੋਡਨ ਦੇ ਰਾਜਕਾਲ ਵਿੱਚ ਅਤਿਅੰਤ ਕਸ਼ਟਾਂ ਦੇ ਬਾਦ ਅਕਾਸ਼ ਵੱਲ ਚੁੱਕੀ ਗਈ ਅਤੇ ਕੇਵਲ ਮੁਸਲਮਾਨਾ ਲਈ ਹੀ ਨਹੀਂ ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਰ ਕੌਮ ਤੇ ਧਰਮ ਨੂੰ ਆਪਰੇ ਪ੍ਰਕਟ ਹੋਣ ਦੀ ਮਹਤੱਾ ਦੱਸੀ ਹੈ । ਇਸ ਕਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ :

ਇਹ ਵੀ ਸਪਸ਼ਟ ਹੋਵੇ ਕਿ ਮੇਰਾ ਇਸ ਜ਼ਮਾਨੇ ਵਿੱਚ ਰੱਬ ਵੱਲੋਂ ਆਉਂਣਾ ਕੇਵਲ ਮੁਸਲਮਾਨਾ ਦੇ ਸੁਧਾਰ ਲਈ ਨਹੀਂ ਹੈ ਸਗੋਂ ਮੁਸਲਮਾਨਾ, ਹਿੰਦੁਆਂ ਤੇ ਇਸਾਈਆਂ ਤਿੰਨਾ ਕੌਮਾ ਦਾ ਸੁਧਾਰ ਮੰਜ਼ੂਰ ਹੈ । ਜਿਵੇਂ ਕਿ ਰੱਬ ਨੇ ਮੈਂਨੂੰ ਮੁਸਲਮਾਨਾ ਤੇ ਇਸਾਈਆਂ ਲਈ ਮਸੀਹ ਮੌਊਦ ਬਣਾਕੇ ਭੇਜਿਆ ਹੈ ਇਸੇ ਪ੍ਰਕਾਰ ਹਿੰਦੁਆਂ ਲਈ ਅਵਤਾਰ ਦੇ ਰੂਪ ਵਿੱਚ ਹਾਂ ਅਤੇ ਮੈਂ ਲਗਭਗ ਵੀਹ ਵਰ੍ਹਿਆਂ ਤੋਂ ਜਾਂ ਇਸ ਤੋਂ ਵੱਧ ਵਰ੍ਹਿਆਂ ਤੋਂ ਇਸ ਗੱਲ ਦੀ ਪ੍ਰਸਿੱਧੀ ਕਰ ਰਿਹਾ ਹਾਂ ਕਿ ਮੈਂ ਉਹਨਾ ਪਾਪਾਂ ਨੂੰ ਦੂਰ ਕਰਨ ਲਈ ਜਿੰਨ੍ਹਾ ਨਾਲ ਧਰਤੀ ਭਰ ਗਈ ਹੈ । ਜਿਵੇਂ ਮੈਂ ਮਸੀਹ ਈਸਾ ਬਿਨ ਮਰਯੱਮ ਦੇ ਰੂਪ ਵਿੱਚ ਹਾਂ ਇਸੇ ਪ੍ਰਕਾਰ ਸ਼੍ਰੀ ਕਿਸ਼ਨ ਜੀ ਦੇ ਰੂਪ ਵਿੱਚ ਵੀ ਹਾਂ ਜੋ ਹਿੰਦੂ ਧਰਮ ਦੇ ਸਾਰਿਆਂ ਅਵਤਾਰਾਂ ਵਿੱਚੋਂ ਇਕ ਮਹਾਨ ਅਵਤਾਰ ਸੀ ।

ਫਿਰ ਪ੍ਰਕਟ ਹੋਣ ਦੀ ਮਹਤੱਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ : ਮਨੁੱਖ ਜੋ ਕੁਝ ਵੀ ਰੱਬ ਦੇ ਆਦੇਸ਼ਾਂ ਦੀ ਵਿਰੋਧਤਾ ਕਰਦਾ ਹੈ ਉਹ ਸਭ ਕੁਝ ਮੁਸੀਬਤਾਂ ਦਾ ਸਬਬ ਬਣ ਜਾਂਦਾ ਹੈ । ਇਕ ਤੁੱਛ ਜਿਹਾ ਸਿਪਾਹੀ ਸਰਕਾਰ ਵੱਲੋਂ ਕੋਈ ਪਰਵਾਨਾ ਲੈਕੇ ਆਉਂਦਾ ਹੈ ਤਾਂ ਉਸ ਦੀ ਗੱਲ ਨ ਮੰਨ੍ਹਣ ਵਾਲਾ ਮੁਜਰਮ ਕਰਾਰ ਦਿਤੱਾ ਜਾਂਦਾ ਹੈ ਅਤੇ ਦੰਡ ਦਾ ਭਾਗੀ ਹੁੰਦਾ ਹੈ । ਸਰਕਾਰੀ ਹਾਕਮਾ ਦਾ ਇਹ ਹਾਲ ਹੈ ਤਾਂ ਉਹ ਜੋ ਹਾਕਮਾ ਦਾ ਹਾਕਮ ਹੈ ਉਸ ਵੱਲੋਂ ਆਉਣ ਵਾਲੇ ਦੀ ਬੇ ਅਦਬੀ ਤੇ ਬੇ ਕਦਰੀ ਕਰਨਾ ਕਿੰਨ੍ਹੀ ਵੱਡੀ ਰੱਬ ਦੇ ਹੁਕੁਮ ਦੀ ਹੁਕੁਮਉਦੂਲੀ ਹੈ । ਰੱਬ ਗ਼ੈਰਤ ਰਖੱਦਾ ਹੈ । ਇਸ ਲਈ ਉਸਨੇ ਸੁਧਾਰ ਲਈ ਐਨ ਲੋੜ ਸਮੇਂ ਵਿਗੜੀ ਸਦੀ ਦੇ ਸਿਰ'ਤੇ ਇਕ ਵਿਅਕਤੀ ਭੇਜਿਆ ਤਾਂ ਜੋ ਉਹ ਲੋਕਾਂ ਨੂੰ ਸੁਮਾਰਗ ਵੱਲ ਬੁਲਾਏ । ਉਸਦੇ ਸੁਧਾਰਕ ਨੂੰ ਪੈਰ੍ਹਾਂ ਹੇਠ ਰੋਲ੍ਹਣਾ ਇਕ ਵਡੱਾ ਪਾਪ ਹੈ ।

ਫਿਰ ਆਪ ਫ਼ਰਮਾਉਂਦੇ ਹਨ : ਇਸਲਾਮ ਜਿਹੇ ਪਾਕ ਤੇ ਪਵਿੱਤਰ ਧਰਮ ਉਪੱਰ ਐਨ੍ਹੇ ਹਮਲੇ ਕੀਤੇ ਗਏ ਹਨ ਕਿ ਇਸਲਾਮ ਦੇ ਵਿਰੁਧ ਜੋ ਕੁਝ ਪ੍ਰਕਾਸ਼ਤ ਹੁੰਦਾ ਹੈ ਜੇਕਰ ਉਸ ਨੂੰ ਇਕਠੱਾ ਕੀਤਾ ਜਾਏ ਤਾਂ ਇਕ ਵਡੱਾ ਪਹਾੜ ਬਣਦਾ ਹੈ । ਮੁਸਲਮਾਨਾ ਦਾ ਇਹ ਹਾਲ ਹੈ ਕਿ ਸੰਭਵਤਾ ਉਹਨਾ ਵਿੱਚ ਪ੍ਰਾਣ ਹੀ ਨਹੀਂ ਅਤੇ ਸਾਰੇ ਦੇ ਸਾਰੇ ਹੀ ਮਰ ਗਏ ਹਨ । ਇਸ ਸਮੇਂ ਜੇਕਰ ਰੱਬ ਵੀ ਚੁੱਪ ਰਹੇ ਤਾਂ ਫ਼ਿਰ ਕੀ ਹਾਲ ਹੋਵੇਗਾ । ਰੱਬ ਦਾ ਇਕ ਹਮਲਾ ਮਨੁੱਖ ਦੇ ਹਜ਼ਾਰ ਹਮਲਿਆਂ ਤੋਂ ਵਧੱਕੇ ਹੈ ਅਤੇ ਅਜਿਹਾ ਹੈ ਕਿ ਉਸ ਦੇ ਧਰਮਾ ਦਾ ਬੋਲਬਾਲਾ ਹੋ ਜਾਏਗਾ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੁਨੀਆ ਨੂੰ ਸਾਧਾਰਣਤਾ ਨਸੀਹਤ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਸਾਡੀ ਅੰਤਮ ਨਸੀਹਤ ਇਹੋ ਹੈ ਕਿ ਤੁਸੀਂ ਆਪਣੇ ਈਮਾਨ ਦੀ ਖ਼ਬਰ ਲਓ। ਇਹ ਨ ਹੋਵੇ ਕਿ ਤੁਸੀਂ ਹੰਕਾਰ ਤੇ ਬੇਪਰਵਾਹੀ ਦਿਖਾਕੇ ਉਸ ਜਲਾਲ ਵਾਲੇ ਰੱਬ ਦੀ ਨਜ਼ਰ ਵਿੱਚ ਕੋਝੇ ਬਣ ਜਾਓ । ਦੇਖੋ ਰੱਬ ਨੇ ਤੁਹਾਡੇ ਉਪੱਰ ਅਜਿਹੇ ਸਮੇਂ ਨਿਗਾਹ ਕੀਤੀ ਜੋ ਨਜ਼ਰ ਕਰਨ ਦਾ ਸਮਾਂ ਸੀ, ਸੋ ਜਤਨ ਕਰੋ ਕਿ ਸਾਰੀਆਂ ਖ਼ੁਸ਼ਨਸੀਬੀਆਂ ਦੇ ਤੁਸੀਂ ਵਾਰਸ ਬਣ ਜਾਓ ।

ਆਪ ਨੇ ਦੁਨੀਆ ਨੂੰ ਤਾੜਨਾ ਦਿੱਤੀ ਕਿ ਰੱਬ ਦੇ ਭੇਜੇ ਹੋਏ ਨਾਲ ਲੜਾਈ ਨ ਕਰੋ । ਜੱਦ ਰੱਬ ਨੇ ਭੇਜਿਆ ਹੈ ਤਾਂ ਉਹ ਮਦਦ ਤੇ ਸਹਾਇਤਾ ਵੀ ਕਰਦਾ ਹੈ, ਚਮਤਕਾਰ ਵੀ ਦਿਖਾਉਂਦਾ ਹੈ । ਆਪ ਨੇ ਫ਼ਰਮਾਇਆ ਕਿ ਰੱਬ ਨੇ ਮੈਨੂੰ ਪ੍ਰਤੱਖ ਸ਼ਬਦਾਂ ਵਿੱਚ ਫ਼ਰਮਾਇਆ ਹੈ ਕਿ ਦੁਨੀਆ ਵਿੱਚ ਇਕ ਨਜ਼ੀਰ (ਡਰਾਉਣ ਵਾਲਾ, ਸੁਧਾਰਕ) ਆਇਆ ਪਰ ਦੁਨੀਆ ਨੇ ਉਸਨੂੰ ਕੁਬੂਲ ਨਹੀਂ ਕੀਤਾ, ਪਰ ਰੱਬ ਉਸਨੂੰ ਕੁਬੂਲ ਕਰੇਗਾ ਅਤੇ ਵੱਡੇ ਤਿੱਖੇ ਹਮਲਿਆਂ ਨਾਲ ਉਸ ਦੀ ਸਚੱਾਈ ਪ੍ਰਕਟ ਕਰ ਦੇਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ ਅੱਜ ਜਮਾਤ ਦੋ ਸੌ ਤੋਂ ਵੱਧ ਦੇਸ਼ਾਂ ਵਿੱਚ ਫੈਲੀ ਹੋਈ ਹੈ, ਜਮਾਤ ਅਹਮਦੀਆ ਇਸ ਗੱਲ ਦੀ ਘੋਸ਼ਣਾ ਕਰ ਰਹੀ ਹੈ ਕਿ ਰੱਬ ਆਪ ਦੀ ਸਚੱਾਈ ਦੁਨੀਆ ਵਿੱਚ ਪ੍ਰਕਟ ਕਰਦਾ ਚਲਾ ਜਾ ਰਿਹਾ ਹੈ । ਰੱਬ ਸਾਨੂੰ ਵੀ ਆਪਦੇ ਮਿਸ਼ਨ ਨੂੰ ਫ਼ੈਲਾਉਣ ਵਿੱਚ ਭਾਗੀਦਾਰ ਬਣਾਏ ਅਤੇ ਸਾਡੇ ਇਮਾਨ ਤੇ ਆਸਥਾ ਨੂੰ ਪੱਕਿਆਂ ਕਰੇ ਅਤੇ ਸਾਨੂੰ ਆਪਣੀਆਂ ਜ਼ਿੱਮੇਦਾਰੀਆਂ ਨੂੰ ਪੂਰਾ ਕਰਨ ਦਾ ਸੰਜੋਗ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਅੱਜ ਕੱਲ ਫੈਲਣ ਵਾਲੇ ਕੋਰੋਨਾ ਵਾਇਰਸ ਬਾਰੇ ਫ਼ਰਮਾਇਆ : ਇਸ ਵਾਇਰਸ ਨੇ ਇਸ ਗੱਲ'ਤੇ ਸੋਚਣ ਲਈ ਮਜਬੂਰ ਕਰ ਦਿਤੱਾ ਹੈ ਕਿ ਰੱਬ ਵੱਲ ਧਿਆਨ ਦੇਣ ਪਰ ਹਕੀਕੀ ਰੱਬ ਅਤੇ ਜੀਉਂਦਾ ਰੱਬ ਤਾਂ ਕੇਵਲ ਇਸਲਾਮ ਦਾ ਰੱਬ ਹੈ ਜਿਸ ਨੇ ਆਪਣੇ ਵੱਲ ਆਉਣ ਵਾਲਿਆਂ ਨੂੰ ਮਾਰਗ ਦਿਖਾਉਣ ਦਾ ਐਲਾਨ ਕੀਤਾ ਹੈ । ਸੋ, ਇਹਨਾ ਹਾਲਾਤਾਂ ਵਿੱਚ ਸਾਨੂੰ ਜਿੱਥੇ ਆਪਣੇ ਆਪਨੂੰ ਸੁਧਾਰਣ ਦੀ ਲੋੜ ਹੈ ਆਪਣੇ ਪ੍ਰਚਾਰ ਨੂੰ ਉਚਿਤ ਢੰਗ ਕਰਨ ਦੀ ਲੋੜ ਹੈ । ਦੁਨੀਆ ਨੂੰ ਇਸਲਾਮ ਬਾਰੇ ਪਹਿਲਾਂ ਤੋਂ ਵਧੱਕੇ ਪ੍ਰੀਚਿਤ ਕਰਾਉਣ ਦੀ ਲੋੜ ਹੈ ਅਤੇ ਫਿਰ ਹਰ ਅਹਮਦੀ ਨੂੰ ਇਹ ਜਤਨ ਕਰਨਾ ਚਾਹੀਦਾ ਹੈ ਕਿ ਦੁਨੀਆ ਨੂੰ ਦੱਸੇ ਕਿ ਜੇਕਰ ਆਪਣੀ ਮੁਕਤੀ ਚਾਹੁੰਦੇ ਹੋ ਤਾਂ ਆਪਣੇ ਪੈਦਾ ਕਰਨ ਵਾਲੇ ਨੂੰ ਪਛਾਣੋ । ਜੇਕਰ ਆਪਣਾ ਅੰਤ ਚੰਗਾ ਚਾਹੁੰਦੇ ਹੋ ਤਾਂ ਆਪਣੇ ਪੈਦਾ ਕਰਨ ਵਾਲੇ ਰੱਬ ਨੂੰ ਪਛਾਣੋ ਕਿ

ਅੰਤਲੇ ਜੀਵਨ ਦਾ ਅੰਜਾਮ ਜੋ ਹੈ ਉਹੋ ਅਸਲ ਅੰਜਾਮ ਹੈ । ਇਸ ਦੇ ਨਾਲ ਕਿਸੇ ਨੂੰ ਸ਼ਰੀਕ ਨ ਕਰੋ ਅਤੇ ਉਸ ਦੀ ਮਖ਼ਲੂਕ ਦੇ ਹੱਕ ਪੂਰੇ ਕਰੋ । ਇਹ ਆਫ਼ਤਾਂ ਤਾਂ ਹੁਣ ਦੁਨੀਆਦਾਰ ਵੀ ਕਹਿੰਦੇ ਹਨ ਕਿ ਵਧੱਦੀਆਂ ਜਾਣੀਆਂ ਹਨ । ਇਸ ਲਈ ਆਪਣੇ ਚੰਗੇ ਅੰਤ ਲਈ ਅਤਿਅੰਤ ਲੋੜ ਹੈ ਕਿ ਅਸੀਂ ਵੀ ਰੱਬ ਵੱਲ ਧਿਆਨ ਕਰੀਏ ਅਤੇ ਦੁਨੀਆ ਨੂੰ ਵੀ ਦੱਸੀਏ ਕਿ ਅਸਲ ਅੰਜਾਮ ਅੰਤਮ ਜੀਵਨ ਦਾ ਅੰਜਾਮ ਹੈ ਜਿਸ ਦੇ ਲਈ ਤੁਹਾਨੂੰ ਬਹਿਰਹਾਲ ਰੱਬ ਵੱਲ ਆਉਂਣਾ ਹੋਵੇਗਾ । ਇਸ ਬਾਰੇ ਇਕ ਮਾਹਰ ਦੀ ਤਾੜਨਾ ਇਹ ਹੈ ਕਿ ਖ਼ਤਰਨਾਕ ਵਾਇਰਸ ਦੇ ਜੈਨੇਟਿਕ ਪਰਿਵਰਤਨ ਦੇ ਆਮ ਹੋਣ ਦੀ ਸੰਭਾਵਨਾ ਹੈ ਅਤੇ ਇਸ ਦੇ ਨਾਲ ਕੁਝ ਵਰ੍ਹਿਆਂ ਵਿੱਚ ਇਕ ਨਵੇਂ ਕੋਰੋਨਾ ਵਾਇਰਸ ਦੇ ਦੁਨੀਆ ਵਿੱਚ ਫੈਲਣ ਦੀ ਸੰਭਾਵਨਾ ਹੈ । ਉਸਨੇ ਲਿੱਖਿਆ ਹੈ ਕਿ ਹਰ ਅਗਲੇ ਤਿੰਨ ਸਾਲਾਂ ਬਾਦ ਸੰਭਵਤਾ ਕੋਈ ਨਵੀਂ ਬਿਮਾਰੀ ਆ ਜਾਏ । ਵਿਗਿਆਨੀ ਕੋਰੋਨਾ ਵਾਇਰਸ ਉਪੱਰ ਕਾਬੂ ਪਾ ਸਕਦੇ ਹਨ, ਪਰ ਵਬਾ ਵਾਂਗ ਫੈਲਣ ਵਾਲੇ ਰੋਗਾਂ ਦੇ ਵਿਰੁਧ ਮਨੁਖੱਤਾ ਦੀ ਜੰਗ ਨ ਖ਼ਤਮ ਹੋਣ ਵਾਲੀ ਜੰਗ ਹੈ । ਬਹਿਰਹਾਲ ਇਸ ਦੀਆਂ ਲੰਮੀਆਂ ਵਿਆਖਿਆਵਾਂ ਹਨ ਇਹ ਤਾਂ ਸਾਰੀਆਂ ਵਰਨਣ ਨਹੀਂ ਹੋ ਸਕਦੀਆਂ, ਪਰ ਆਪਣੇ ਅੰਜਾਮ (ਅੰਤ) ਚੰਗੇ ਬਨਾਉਣ ਲਈ ਸਾਨੂੰ ਪਹਿਲਾਂ ਤੋਂ ਵਧੱਕੇ ਰੱਬ ਨਾਲ ਸੰਬੰਧ ਪੈਦਾ ਕਰਨ ਦੀ ਲੋੜ ਹੈ । ਰੱਬ ਸਾਨੂੰ ਇਸਦੀ ਤੌਫ਼ੀਕ ਪ੍ਰਦਾਨ ਕਰੇ । ਕੋਰੋਨਾ ਦੀ ਵਬਾ ਬਾਰੇ ਮੈਂ ਪਹਿਲਾਂ ਵੀ ਨਿਰਦੇਸ਼ ਦੇ ਚੁੱਕਿਆ ਹਾਂ ਚਿਤਾਵਨੀ ਵੀ ਕਰਾ ਚੁੱਕਿਆ ਹਾਂ ਕਿਉਂਕਿ ਹੁਣ ਇਹ ਸਾਰੀ ਦੁਨੀਆਂ ਵਿੱਚ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਐਥੇ ਵੀ ਇਸ ਦਾ ਪ੍ਰਭਾਵ ਬਹੁਤ ਅਧਿਕ ਹੋ ਰਿਹਾ ਹੈ । ਹੁਣ ਸਰਕਾਰ ਵੀ ਇਸ ਗੱਲ'ਤੇ ਮਜਬੂਰ ਹੋ ਗਈ ਹੈ ਕਿ ਠੋਸ ਕਦਮ ਚੁੱਕੇ ਅਤੇ ਬਹੁਤੀ ਸਖ਼ਤਾਈ ਨਾਲ ਪੈਰ੍ਹ ਪੁੱਟੇ । ਵੱਡੇ ਕਦਮ ਚੁੱਕੇ । ਜੱਦ ਬਿਮਾਰੀਆਂ ਆਉਦੀਆਂ ਹਨ, ਵਬਾਵਾਂ ਆਉਦੀਆਂ ਹਨ ਤਾਂ ਹਰ ਇਕ ਨੂੰ ਆਪਣੀ ਲਪੇਟ ਵਿੱਚ ਲੈ ਸਕਦੀਆਂ ਹਨ । ਇਸ ਲਈ ਹਰ ਇਕ ਨੂੰ ਬਹੁਤ ਸਾਵਧਾਨੀ ਦੀ ਲੋੜ ਹੈ । ਸਰਕਾਰੀ ਨਿਰਦੇਸ਼ਾਂ ਉਪੱਰ ਅਮਲ ਕਰਨ । ਵੱਡੀ ਉਮਰ ਵਾਲੇ ਲੋਕ, ਰੋਗੀ ਲੋਕ ਜਾਂ ਕਿਸੇ ਬਿਮਾਰੀ ਵਿੱਚ ਗ੍ਰਿੱਸੇ ਲੋਕ ਜਿੰਨ੍ਹਾ ਦੀ ਪ੍ਰਤੀ ਰੱਖਿਅਕ ਸ਼ਕਤੀ ਸ਼ਰੀਰ ਵਿੱਚ ਘੱਟ ਜਾਂਦੀ ਹੈ, ਉਹਨਾ ਨੂੰ ਬਹੁਤ ਹੀ ਸਾਵਧਾਨੀ ਵਰਤਨ ਦੀ ਲੋੜ ਹੈ । ਵੱਡੀ ਉਮਰ ਦੇ ਲੋਕ ਘਰੋਂ ਘੱਟ ਹੀ ਬਾਹਰ ਨਿਕਲਣ । ਮਸਜਿਦ ਵਿੱਚ ਆਉਣ ਬਾਰੇ ਵੀ ਸਾਵਧਾਨੀ ਵਰਤਨ । ਜੁਮਏ ਵੀ ਆਪਣੇ ਖੇਤਰ ਦੀ ਮਸਜਿਦ ਪੜ੍ਹਨ, ਸਿਵਾਏ ਇਸਦੇ ਕਿ ਇਸ ਗੱਲ ਦੀ ਸਰਕਾਰ ਵੱਲੋਂ ਪਾਬੰਦੀ ਲੱਗ ਜਾਏ ਕਿ ਜੁਮਏ ਲਈ ਇਕੱਠ (Gathering) ਵੀ ਨ ਹੋਵੇ । ਇਸਤਰੀਆਂ ਸਾਧਾਰਣ ਤੌਰ'ਤੇ ਮਸਜਿਦ ਵਿੱਚ ਆਉਣ ਤੋਂ ਗੁਰੇਜ਼ ਕਰਨ । ਬੱਚਿਆਂ ਨਾਲ ਆਉਂਦੀਆਂ ਹਨ ਪਰਹੇਜ਼ ਕਰਨਾ ਚਾਹੀਦਾ ਹੈ ਫਿਰ ਆਪਣੇ ਸ਼ਰੀਰ ਦੀ ਪ੍ਰਤੀ ਰੱਖਿਅਕ ਸ਼ਕਤੀ ਵਧਾਉਣ ਲਈ ਅਤੇ ਆਪਣੇ ਆਰਾਮ ਉਪੱਰ ਵੀ ਧਿਆਨ ਦੇਣਾ ਚਾਹੀਦਾ ਹੈ । ਬੱਚਿਆਂ ਨੂੰ ਵੀ ਆਦਤ ਪਾਉਣ ਛੇਤੀ ਸੌਣ ਅਤੇ ਛੇਤੀ ਉਠੱਣ । ਅੱਠ ਨੌ ਘੰਟੇ ਦੀ ਨੀਂਦ ਪੂਰੀ ਕਰਕੇ । ਫਿਰ ਬਜ਼ਾਰੀ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨ । ਵਿਸ਼ੇਸ਼ ਰੂਪ ਵਿੱਚ ਚਿਪਸ ਆਦਿ ਦੇ ਪੈਕਟ ਹਨ । ਫਿਰ ਅੱਜਕੱਲ ਡਾਕਟਰ ਇਹ ਵੀ ਕਹਿੰਦੇ ਹਨ ਕਿ ਪਾਣੀ ਵਾਰ ਵਾਰ ਪੀਣਾ ਚਾਹੀਦਾ ਹੈ । ਜ਼ਰੂਰੀ ਹੈ ਕਿ ਇਕ ਘੰਟੇ ਬਾਦ, ਅੱਧੇ ਪੌਣੇ ਘੰਟੇ ਬਾਦ ਇਕ ਦੋ ਘੁੱਟ ਪੀ ਲੈਂਣ ਇਹ ਵੀ

ਬਿਮਾਰੀ ਤੋਂ ਬਚਣ ਲਈ ਇਕ ਸਾਧਨ ਹੈ । ਹਥੱਾਂ ਨੂੰ ਸਾਫ਼ ਰਖੱਣਾ ਚਾਹੀਦਾ ਹੈ । ਘੱਟੋ ਘੱ ਪੰਜ ਵਾਰ ਵੁਜ਼ੂ ਕਰਨ ਵਾਲੇ ਜੋ ਹਨ ਉਹਨਾ ਨੂੰ ਵੀ ਮੌਕਾ ਮਿਲ ਜਾਂਦਾ ਹੈ ਇਸ ਵੱਲ ਧਿਆਨ ਦੇਣ । ਰੁਮਾਲ ਰਖੱਕੇ ਜਾਂ ਹੁਣ ਡਾਕਟਰ ਕਹਿੰਦੇ ਹਨ ਕਿ ਹੱਥ ਰਖੱਕੇ ਇਸ'ਤੇ ਛਿੱਕ ਮਾਰੋ ਤਾਂ ਜੋ ਏਧਰ ਉਧੱਰ ਛਿੱਟਾਂ ਨ ਪੈਣ । ਬਹਿਰਹਾਲ ਸਫ਼ਾਈ ਬਹੁਤ ਜ਼ਰੂਰੀ ਹੈ ਅਤੇ ਇਸ ਦਾ ਧਿਆਨ ਰਖੱਣਾ ਚਾਹੀਦਾ ਹੈ । ਪਰੰਤੂ ਅਖੀਰਲਾ ਟੈਕਟ (ਚਾਲ) ਦੁਆ ਹੈ ਅਤੇ ਇਹ ਦੁਆ ਕਰਨੀ ਚਾਹੀਦੀ ਹੈ ਕਿ ਰੱਬ ਸਾਨੂੰ ਸਾਰਿਆਂ ਨੂੰ ਇਸ ਔਕੁੜ ਤੋਂ ਬਚਾਏ । ਉਹਨਾ ਸਾਰਿਆਂ ਅਹਮਦੀਆਂ ਲਈ ਵੀ ਵਿਸ਼ੇਸ਼ ਰੂਪ ਵਿੱਚ ਦੁਆ ਕਰੋ ਜੋ ਇਸ ਰੋਗ ਵਿੱਚ ਗ੍ਰਿੱਸੇ ਗਏ ਹਨ ਕਿਸੇ ਸਬਬ ਜਾਂ ਡਾਕਟਰਾਂ ਨੂੰ ਸੰਦੇਹ ਹੈ ਕਿ ਇਹਨਾ ਨੂੰ ਵੀ ਵਾਇਰਸ ਹੈ ਜਾਂ ਕਿਸੇ ਹੋਰ ਰੋਗ ਵਿੱਚ ਗ੍ਰਿਸੇ ਹਨ ਸਾਰਿਆਂ ਲਈ ਦੁਆ ਕਰੋ । ਫਿਰ ਇਸੇ ਪ੍ਰਕਾਰ ਕਿਸੇ ਵੀ ਰੋਗ ਕਰਕੇ ਜਾਂ ਕਮਜ਼ੋਰੀ ਕਰਕੇ ਵਾਇਰਸ ਦਾ ਹਮਲਾ ਹੋ ਜਾਂਦਾ ਹੈ ਉਹਨਾ ਲਈ ਵੀ ਦੁਆ ਕਰਨੀ ਕਿ ਰੱਬ ਉਹਨਾ ਨੂੰ ਰੋਗ ਮੁਕਤ ਕਰੇ । ਸਾਧਾਰਣ ਤੌਰ'ਤੇ ਹਰ ਇਕ ਲਈ ਦੁਆ ਕਰਨੀ । ਰੱਬ ਦੁਨੀਆ ਨੂੰ ਇਸ ਵਬਾ ਦੇ ਪ੍ਰਭਾਵ ਤੋਂ ਬਚਾਈ ਰੱਖੇ ਜੋ ਰੋਗੀ ਹਨ ਉਹਨਾ ਨੂੰ ਸਵਾਸਥ ਪ੍ਰਦਾਨ ਕਰੇ ਅਤੇ ਹਰ ਅਹਮਦੀ ਨੂੰ ਸ਼ਿਫ਼ਾ ਪ੍ਰਦਾਨ ਕਰਨ ਦੇ ਨਾਲ ਨਾਲ ਇਮਾਨ ਤੇ ਆਸਥਾ ਵਿੱਚ ਵੀ ਪੱਕਿਆਂ ਹੋਣ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।

★★★★★

**Khulasa Khutba Jumma 20.03.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131